## **ਪਹਿਲੀ ਅਪੀਲ ਦਾਇਰ ਕਰਨ ਦੀ ਪ੍ਰਕ੍ਰਿਆ ਅਤੇ ਫਾਰਮ**

(ਨੋਟ: ਕਾਨੂੰਨੀ ਵਿਵਸਥਾਵਾਂ ਸਮਝਣ ਲਈ **ਸੂਚਨਾ ਅਧਿਕਾਰ ਕਾਨੂੰਨ 2005** ਸਬੰਧੀ ਮੇਰੀ ਲਿਖੀ ਪੁਸਤਕਾ ਪੜ੍ਹੀ ਜਾ ਸਕਦੀ ਹੈ ਜੋ Website ਉੱਪਰ ਮੌਜੂਦ ਹੈ)

ਸੂਚਨਾ ਅਧਿਕਾਰ ਕਾਨੂੰਨ 2005 ਅਤੇ ਇਸ ਕਾਨੂੰਨ ਅਧੀਨ ਬਣੇ ਨਿਯਮਾਂ ਵਿਚ ਅਪੀਲਾਂ ਦਾਇਰ ਕਰਨ ਲਈ ਲੋੜੀਂਦੇ ਫਾਰਮਾਂ ਦਾ ਨਮੂਨਾ ਨਹੀਂ ਦਿੱਤਾ ਗਿਆ। ਨਤੀਜੇ ਵਜੋਂ ਪ੍ਰਾਰਥੀਆਂ ਨੂੰ ਅਪੀਲਾਂ ਦਾਇਰ ਕਰਨ ਸਮੇਂ ਔਕੜ ਮਹਿਸੂਸ ਹੁੰਦੀ ਹੈ। ਇਹ ਸਮੱਸਿਆ ਸੁਲਝਾਉਣ ਲਈ ਪਹਿਲੀ ਅਪੀਲ ਦਾਇਰ ਕਰਨ ਲਈ ਲੋੜੀਂਦਾ ਫਾਰਮ ਅਤੇ ਫਾਰਮ ਦੇ ਕਾਲਮ ਭਰਨ ਬਾਰੇ ਸੂਚਨਾ ਉਪਲੱਬਧ ਕਰਵਾਈ ਜਾ ਰਹੀ ਹੈ।

1. ਲੋੜੀਂਦਾ ਫਾਰਮ
2. ਅਪੀਲ ਦੇ ਅਧਾਰ
3. ਮੰਗੀ ਗਈ ਰਾਹਤ

### **ਪਹਿਲੀ ਅਪੀਲ ਦਾ ਫਾਰਮ**

### **(ਸੂਚਨਾ ਅਧਿਕਾਰ ਕਾਨੂੰਨ-2005 ਦੀਆਂ ਵਿਵਸਥਾਵਾਂ ਅਨੁਸਾਰ)**

ਸੇਵਾ ਵਿਖੇ

ਪਹਿਲੀ ਅਪੀਲ ਅਥਾਰਟੀ
(.... ਵਿਭਾਗ ਦਾ ਨਾਂ)

ਸ਼੍ਰੀ ਮਾਨ ਜੀ

ਬੇਨਤੀ ਹੈ ਕਿ ਲੋਕ ਸੂਚਨਾ ਅਫਸਰ ਵੱਲੋਂ ਮੈਨੂੰ ਸੂਚਨਾ ਉਪਲੱਬਧ ਨਹੀਂ ਕਰਾਈ ਗਈ/ਅਧੂਰੀ ਸੂਚਨਾ ਉਪਲੱਬਧ ਕਰਵਾਈ ਗਈ ਹੈ/ਮੇਰੇ ਕੋਲੋਂ ਵੱਧ ਸੂਚਨਾ ਫੀਸ ਦੀ ਮੰਗ ਕੀਤੀ ਗਈ ਹੈ। ਇਸ ਲਈ ਮੈਂ ਸੂਚਨਾ ਅਧਿਕਾਰ ਕਾਨੂੰਨ ਦੀ ਧਾਰਾ 19 ਅਧੀਨ ਆਪ ਜੀ ਪਾਸ ਇਹ ਅਪੀਲ ਦਾਇਰ ਕਰ ਰਿਹਾ ਹਾਂ।

1. ਅਪੀਲ ਕਰਤਾ ਬਾਰੇ ਸੂਚਨਾ:

(ੳ) ਪੂਰਾ ਨਾਂ ..................................
(ਅ) ਪੂਰਾ ਪਤਾ ..................................
(ੲ) ਫੋਨ ਨੰ: ..................................
(ਸ) ਈ-ਮੇਲ ..................................

2. ਸਟੇਟ ਲੋਕ ਸੂਚਨਾ ਅਫਸਰ ਬਾਰੇ ਸੂਚਨਾ:

(ੳ) ਨਾਂ/ਅਹੁੱਦਾ ..................................
(ਅ) ਪੂਰਾ ਪਤਾ ..................................

(ੲ) ਪਬਲਿਕ ਅਥਾਰਟੀ ਦਾ ਨਾਂ ..................................

3. ਸੂਚਨਾ ਪ੍ਰਾਪਤ ਕਰਨ ਲਈ ਦਿੱਤੀ ਗਈ ਅਰਜ਼ੀ ਬਾਰੇ ਸੂਚਨਾ:

(ੳ) ਅਰਜ਼ੀ ਦਾਇਰ ਕਰਨ ਦੀ ਮਿਤੀ ..................................

(ਅ) ਅਰਜ਼ੀ ਭੇਜਣ ਬਾਰੇ ਸੂਚਨਾ ..................................

(ੲ) ਸੂਚਨਾ ਅਫਸਰ ਕੋਲ ਅਰਜ਼ੀ ਪੁੱਜਣ ਦੀ ਮਿਤੀ ..................................

4. ਫੀਸ ਜਮ੍ਹਾ ਕਰਾਉਣ ਬਾਰੇ ਸੂਚਨਾ:

(ੳ) ਪੋਸਟਲ ਆਰਡਰ ਆਦਿ ਦੀ ਮਿਤੀ ਅਤੇ ਰਕਮ ..................................

5. ਮੰਗੀ ਗਈ ਸੂਚਨਾ ਬਾਰੇ ਜਾਣਕਾਰੀ:

(ੳ) ..................................

(ਅ) ..................................

6. ਸਟੇਅ ਲੋਕ ਸੂਚਨਾ ਅਧਿਕਾਰੀ ਦੇ ਫੈਸਲੇ ਬਾਰੇ ਜਾਣਕਾਰੀ:

(ੳ) ਪੱਤਰ ਨੰਬਰ ਜਿਸ ਰਾਹੀਂ ਸੂਚਨਾ ਅਧਿਕਾਰੀ ਵੱਲੋਂ ਸੂਚਨਾ ਉਪਲੱਬਧ ਕਰਵਾਈ ਗਈ ..................................

(ਅ) ਫੈਸਲੇ ਦੀ ਮਿਤੀ ..................................

(ੲ) ਦਰਖਾਸਤੀ ਕੋਲ ਫੈਸਲਾ ਪੁੱਜਣ ਦੀ ਮਿਤੀ ..................................

7. ਸੂਚਨਾ ਸਬੰਧੀ ਸੰਖੇਪ ਹਾਲਾਤ:

...................................................................

...................................................................

8. ਅਪੀਲ ਦੇ ਗਰਾਊਂਡ/ਕਾਰਨ:

(ੳ) ..................................

(ਅ) ..................................

9. ਅਪੀਲ ਦੇ ਹੱਕ ਵਿਚ ਹੋਰ ਦਲੀਲ/ਸੂਚਨਾ:

10. ਮੰਗੀ ਗਈ ਰਾਹਤ:

(ੳ) ..................................

(ਅ) ..................................

11. ਮੰਗੀ ਗਈ ਰਾਹਤ ਦੇ ਅਧਾਰ: .................................

12. ਅਪੀਲ ਅਥਾਰਟੀ ਕੋਲ ਨਿੱਜੀ ਸੁਣਵਾਈ ਲਈ ਪੇਸ਼ ਹੋਣ ਬਾਰੇ: **ਹਾਂ/ਨਾਂਹ**

13. ਨੱਥੀ ਕੀਤੇ ਦਸਤਾਵੇਜ਼:

(ੳ) ਅਸਲ ਦਰਖਾਸਤ ਦੀ ਨਕਲ

(ਅ) ਦਰਖਾਸਤ ਭੇਜਣ ਦੇ ਸਬੂਤ ਵਜੋਂ ਡਾਕ ਵਿਭਾਗ/ਕੋਰੀਅਰ ਵੱਲੋਂ ਜਾਰੀ ਕੀਤੀ ਰਸੀਦ ਦੀ ਨਕਲ

(ੲ) ਲੋਕ ਸੂਚਨਾ ਅਫਸਰ ਦੇ ਫੈਸਲੇ ਦੀ ਨਕਲ

15. ਘੋਸ਼ਣਾ: ਮੈਂ ਇਹ ਘੋਸ਼ਣਾ ਕਰਦਾ ਹਾਂ ਕਿ ਮੇਰੇ ਵੱਲੋਂ ਉਕਤ ਪੈਰਿਆਂ ਵਿਚ ਦਰਜ ਕੀਤੀ ਗਈ ਸੂਚਨਾ ਮੇਰੇ ਇਲਮ ਅਤੇ ਯਕੀਨ ਅਨੁਸਾਰ ਸੱਚੀ ਅਤੇ ਸਹੀ ਹੈ। ਮੈਂ ਇਹ ਵੀ ਘੋਸ਼ਿਤ ਕਰਦਾ ਹਾਂ ਕਿ ਮੈਂ ਇਸ ਮਾਮਲੇ ਸਬੰਧੀ ਪਹਿਲਾਂ ਕਿਸੇ ਸੂਚਨਾ ਕਮਿਸ਼ਨ ਕੋਲ ਜਾਂ ਅਦਾਲਤ ਕੋਲ ਇਸ ਬਾਰੇ ਕੋਈ ਕਾਨੂੰਨੀ ਚਾਰਾਜੋਹੀ ਨਹੀਂ ਕੀਤੀ।

ਜਗ੍ਹਾ:

ਮਿਤੀ: ਅਪੀਲਕਰਤਾ ਦੇ ਦਸਤਖਤ

## ਅਪੀਲ ਦੇ ਫਾਰਮ ਵਿਚ ਮੰਗੀ ਗਈ ਸੂਚਨਾ ਬਾਰੇ ਜਾਣਕਾਰੀ

1. ਅਪੀਲ ਦੇ ਅਧਾਰ (ਪੈਰਾ ਨੰ:8 ਵਿਚ ਮੰਗੀ ਗਈ ਸੂਚਨਾ): ਅਪੀਲ ਦੇ ਹੇਠ ਲਿਖੇ ਅਧਾਰ ਹੋ ਸਕਦੇ ਹਨ:

(ੳ) ਲੋਕ ਸੂਚਨਾ ਅਫਸਰ ਵੱਲੋਂ ਸੂਚਨਾ ਉਪਲੱਬਧ ਨਾ ਕਰਾਉਣਾ - ਜੇ ਲੋਕ ਸੂਚਨਾ ਅਫਸਰ ਸੂਚਨਾ ਲਈ ਦਿੱਤੀ ਗਈ ਅਰਜ਼ੀ ਬਾਰੇ ਕੋਈ ਜਵਾਬ ਨਾ ਦੇਵੇ ਤਾਂ ਅਪੀਲ ਦਾ ਇਹ ਅਧਾਰ ਬਣਦਾ ਹੈ।

(ਅ) ਅਧੂਰੀ ਸੂਚਨਾ ਉਪਲੱਬਧ ਕਰਾਉਣਾ: ਜੇ ਲੋਕ ਸੂਚਨਾ ਅਫਸਰ ਮੰਗੀ ਗਈ ਪੂਰੀ ਸੂਚਨਾ ਉਪਲੱਬਧ ਨਾ ਕਰਵਾਵੇ ਤਾਂ ਅਪੀਲ ਦਾ ਇਹ ਅਧਾਰ ਬਣ ਸਕਦਾ ਹੈ।

(ੲ) ਕਾਨੂੰਨ ਵੱਲੋਂ ਨਿਸ਼ਚਿਤ ਫੀਸ ਨਾਲੋਂ ਵੱਧ ਫੀਸ ਦੀ ਮੰਗ ਕਰਨਾ

(ਸ) ਕੋਈ ਹੋਰ ਅਧਾਰ

2. ਅਪੀਲ ਵਿਚ ਮੰਗੀ ਗਈ ਰਾਹਤ: (ਪੈਰਾ ਨੰ:10 ਵਿਚ ਮੰਗੀ ਗਈ ਸੂਚਨਾ):

(ੳ) ਮੰਗੀ ਗਈ ਸੂਚਨਾ ਉਪਲੱਬਧ ਕਰਵਾਈ ਜਾਵੇ।

(ਅ) ਕਿਉਂਕਿ ਸੂਚਨਾ ਕਾਨੂੰਨ ਵੱਲੋਂ ਨਿਸ਼ਿਚਿਤ 30 ਦਿਨਾਂ ਦੇ ਅੰਦਰ ਉਪਲੱਬਧ ਨਹੀਂ ਕਰਵਾਈ ਗਈ। ਇਸ ਲਈ ਸੂਚਨਾ ਮੁਫਤ ਦਿੱਤੇ ਜਾਣ ਦੀ ਰਾਹਤ।

(ੲ) ਸਟੇਟ ਲੋਕ ਸੂਚਨਾ ਅਫਸਰ ਵਿਰੁੱਧ ਬਣਦੀ ਵਿਭਾਗੀ ਅਨੁਸ਼ਾਸਨੀ ਕਾਰਵਾਈ: